ਮਿੱਠੇ ਬੱਚੇ:- "ਮਿੱਠੇ ਬੱਚੇ :- ਪ੍ਰਸ਼ਨਾਂ ਵਿਚ ਮੂੰਝਣਾ ਛੱਡ ਮਨਮਨਾ ਭਵ ਰਹੋ, ਬਾਪ ਅਤੇ ਵਰਸੇ ਨੂੰ ਯਾਦ ਕਰੋ, ਪਵਿੱਤਰ ਬਣੋ ਅਤੇ ਬਣਾਓ।"

ਪ੍ਰਸ਼ਨ:- ਪ੍ਰਸ਼ਨ:- ਸ਼ਿਵਬਾਬਾ ਤੁਸੀਂ ਬੱਚਿਆਂ ਤੋਂ ਆਪਣੀ ਪੂਜਾ ਨਹੀਂ ਕਰਵਾ ਸਕਦੇ ਹਨ, ਕਿਓਂ?

ਉੱਤਰ:- ਬਾਬਾ ਕਹਿੰਦੇ- ਮੈਂ ਤੁਸੀਂ ਬੱਚਿਆਂ ਦਾ ਮੋਸਟ ਓਬੀਡੀਐਂਟ ਸਰਵੈਂਟ ਹਾਂ। ਤੁਸੀਂ ਬੱਚੇ ਮੇਰੇ ਮਾਲਿਕ ਹੋ। ਮੈਂ ਤਾਂ ਤੁਹਾਨੂੰ ਬੱਚਿਆਂ ਨੂੰ ਨਮਸਤੇ ਕਰਦਾ ਹਾਂ। ਬਾਪ ਹੈ ਨਿਰਹੰਕਾਰੀ, ਬੱਚਿਆਂ ਨੇ ਵੀ ਬਾਪ ਸਮਾਨ ਬਣਨਾ ਹੈ। ਮੈਂ ਤੁਹਾਡੇ ਕੋਲੋਂ ਆਪਣੀ ਪੂਜਾ ਕਿਵੇਂ ਕਰਾਵਾਂਗਾ। ਮੇਰੇ ਪੈਰ ਵੀ ਨਹੀਂ ਹਨ, ਜਿਸ ਦੀ ਤੁਸੀਂ ਧੁਲਾਈ ਕਰੋ। ਤੁਸੀਂ ਤਾਂ ਖੁਦਾਈ ਖਿਦਮਤਗਾਰ ਬਣ ਵਿਸ਼ਵ ਦੀ ਸੇਵਾ ਕਰਨੀ ਹੈ।

ਗੀਤ:- ਨਿਰਬਲ ਸੇ ਲੜਾਈ ਬਲਵਾਨ ਕੀ...

ਓਮ ਸ਼ਾਂਤੀ। ਨਿਰਾਕਾਰ ਸ਼ਿਵ ਭਗਵਾਨੁਵਾਚ। ਸ਼ਿਵਬਾਬਾ ਨਿਰਾਕਾਰ ਹੈ ਅਤੇ ਆਤਮਾਵਾਂ ਜੋ ਸ਼ਿਵਬਾਬਾ ਕਹਿੰਦੀਆਂ ਹਨ ਉਹ ਵੀ ਅਸਲ ਵਿਚ ਨਿਰਾਕਾਰ ਹਨ। ਨਿਰਾਕਾਰੀ ਦੁਨੀਆ ਵਿਚ ਰਹਿਣ ਵਾਲੇ ਹਨ। ਇਥੇ ਪਾਰਟ ਵਜਾਉਣ ਲਈ ਸਾਕਾਰ ਬਣੇ ਹਨ। ਹੁਣ ਸਾਨੂੰ ਸਭ ਨੂੰ ਤਾਂ ਪੈਰ ਹਨ। ਕ੍ਰਿਸ਼ਨ ਦੇ ਵੀ ਪੈਰ ਹਨ। ਪੈਰ ਪੂਜਦੇ ਹਨ ਨਾ। ਸ਼ਿਵਬਾਬਾ ਕਹਿੰਦੇ ਹਨ ਮੈਂ ਤਾਂ ਹਾਂ ਓਬੀਡੀਐਂਟ, ਮੇਰੇ ਪੈਰ ਹਨ ਨਹੀਂ ਜੋ ਮੈਂ ਤੁਹਾਡੇ ਕੋਲੋਂ ਪੈਰ ਧੁਲਾਵਾ ਜਾਂ ਪੂਜਾ ਕਰਾਵਾਂ। ਸੰਨਿਆਸੀ ਪੈਰ ਧੁਲਵਾਉਂਦੇ ਹਨ ਨਾ। ਗ੍ਰਹਿਸਤੀ ਲੋਕ ਜਾ ਕੇ ਉਨ੍ਹਾਂ ਦੇ ਪੈਰ ਧੋਂਦੇ ਹਨ। ਪੈਰ ਤਾਂ ਮਨੁੱਖਾਂ ਦੇ ਹਨ। ਸ਼ਿਵਬਾਬਾ ਨੂੰ ਪੈਰ ਹਨ ਹੀ ਨਹੀਂ, ਜੋ ਤੁਹਾਨੂੰ ਪੈਰਾਂ ਦੀ ਪੂਜਾ ਕਰਨੀ ਪਵੇ। ਇਹ ਹੈ ਪੂਜਾ ਦੀ ਸਮਗ੍ਰੀ। ਬਾਪ ਕਹਿੰਦੇ ਹਨ ਮੈਂ ਤਾਂ ਗਿਆਨ ਦਾ ਸਾਗਰ ਹਾਂ। ਮੈਂ ਆਪਣੇ ਬੱਚਿਆਂ ਤੋਂ ਕਿਵੇਂ ਪੈਰ ਧੁਲਾਵਾਂਗਾ? ਬਾਪ ਤਾਂ ਕਹਿੰਦੇ ਹਨ ਵੰਦੇ ਮਾਤਰਮ। ਮਾਤਾਵਾਂ ਨੂੰ ਫਿਰ ਕੀ ਕਹਿਣਾ ਹੈ? ਹਾਂ ਖੜੇ ਹੋ ਕੇ ਕਹਾਂਗੇ ਸ਼ਿਵਬਾਬਾ ਨਮਸਤੇ। ਜਿਵੇਂ ਸਲਾਮ ਵਾਲੇਕਮ ਕਹਿੰਦੇ ਹਨ ਨਾ। ਸੋ ਵੀ ਬਾਪ ਨੂੰ ਪਹਿਲਾਂ ਨਮਸਤੇ ਕਹਿਣਾ ਪੈਂਦਾ ਹੈ। ਕਹਿੰਦੇ ਹਨ ਆਈ ਐਮ ਮੋਸਟ ਓਬੀਡੀਐਂਟ। ਬੇਹੱਦ ਦਾ ਸਰਵੈਂਟ ਹਾਂ। ਨਿਰਾਕਾਰੀ ਤੇ ਨਿਰਹੰਕਾਰੀ ਕਿੰਨਾ ਹੈ। ਪੂਜਾ ਦੀ ਤਾਂ ਗੱਲ ਹੀ ਨਹੀਂ ਹੈ। ਮੋਸਟ ਬਿਲਵਰਡ ਚਿਲਡਰਨ, ਜੋ ਮਲਕੀਯਤ ਦੇ ਮਾਲਿਕ ਬਣਦੇ ਹਨ। ਉਨ੍ਹਾਂ ਕੋਲ ਕਿਵੇਂ ਪੂਜਾ ਕਰਾਵਾਂਗਾ। ਹਾਂ ਛੋਟੇ ਬਚੇ ਬਾਪ ਦੇ ਪੈਰ ਪੈਂਦੇ ਹਨ। ਕਿਉਂਕਿ ਬਾਪ ਵੱਡਾ ਹੈ। ਪਰ ਅਸਲ ਵਿਚ ਤਾਂ ਬਾਪ ਬੱਚਿਆਂ ਦਾ ਵੀ ਸਰਵੈਂਟ ਹੈ। ਜਾਣਦੇ ਹਨ ਕਿ ਬੱਚਿਆਂ ਨੂੰ ਮਾਇਆ ਬਹੁਤ ਤੰਗ ਕਰਦੀ ਹੈ। ਬਹੁਤ ਔਖਾ ਪਾਰਟ ਹੈ। ਹਾਲੇ ਤਾਂ ਬਹੁਤ ਦੁੱਖ ਆਉਣ ਵਾਲੇ ਹਨ। ਇਹ ਸਾਰੀ ਬੇਹੱਦ ਦੀ ਗੱਲ ਹੈ। ਤਾਂ ਹੀ ਬੇਹੱਦ ਦਾ ਬਾਪ ਆਉਂਦਾ ਹੈ। ਬਾਪ ਕਹਿੰਦੇ ਹਨ ਦਾਤਾ ਮੈਂ ਇਕ ਹੀ ਹਾਂ। ਹੋਰ ਕਿਸੇ ਨੂੰ ਦਾਤਾ ਨਹੀਂ ਕਹਿ ਸਕਦੇ। ਬਾਪ ਕੋਲੋਂ ਸਾਰੇ ਮੰਗਦੇ ਹਨ, ਸਾਧੂ ਲੋਕ ਵੀ ਮੁਕਤੀ ਮੰਗਦੇ ਹਨ। ਭਾਰਤ ਦੇ ਗ੍ਰਹਿਸਤ ਲੋਕ ਭਗਵਾਨ ਕੋਲੋਂ ਜੀਵਨ ਮੁਕਤੀ ਮੰਗਦੇ ਹਨ। ਤਾਂ ਦਾਤਾ ਇਕ ਹੋ ਗਿਆ। ਗਾਇਆ ਵੀ ਜਾਂਦਾ ਹੈ ਸਭ ਦਾ ਸਦਗਤੀ ਦਾਤਾ ਇਕ ਹੈ। ਸਾਧੂ ਲੋਕ ਜਦ ਖੁਦ ਹੀ ਸਾਧਨਾ ਕਰਦੇ ਹਨ ਤਾਂ ਹੋਰਾਂ ਨੂੰ ਗਤੀ ਸਦਗਤੀ ਕਿਵੇਂ ਦੇ ਸਕਦੇ ਹਨ? ਮੁਕਤੀਧਾਮ ਤੇ ਜੀਵਨ ਮੁਕਤੀ ਧਾਮ ਦੋਨਾਂ ਦਾ ਪ੍ਰੋਪਰਾਈਟਰ ਇਕ ਹੀ ਬਾਪ ਹੈ। ਉਹ ਆਪਣੇ ਟਾਈਮ ਤੇ ਇਕ ਹੀ ਵਾਰ ਆਉਂਦੇ ਹਨ। ਹੋਰ ਸਾਰੇ ਜਨਮ ਮਰਨ ਵਿਚ ਆਉਂਦੇ ਰਹਿੰਦੇ ਹਨ। ਉਹ ਇਕ ਹੀ ਵਾਰ ਆਉਂਦੇ ਹਨ ਜਦੋ ਰਾਵਣ ਦਾ ਰਾਜ ਖਤਮ ਹੁੰਦਾ ਹੈ। ਉਸ ਤੋਂ ਪਹਿਲਾ ਤਾਂ ਆ ਨਹੀਂ ਸਕਦੇ, ਕਿਉਂਕਿ ਡਰਾਮਾ ਵਿਚ ਪਾਰਟ ਹੀ ਨਹੀਂ ਹੈ। ਤਾਂ ਬਾਪ ਕਹਿੰਦੇ ਹਨ, ਤੁਸੀਂ ਮੇਰੇ ਦਵਾਰਾ ਮੈਨੂੰ ਹੁਣ ਪਹਿਚਾਣਿਆ ਹੈ। ਮਨੁੱਖ ਨਹੀਂ ਜਾਣਦੇ ਤਾਂ ਸਰਵਵਿਆਪੀ ਕਹਿ ਦਿੱਤਾ ਹੈ। ਹੁਣ ਤਾਂ ਹੈ ਰਾਵਣ ਰਾਜ। ਭਾਰਤਵਾਸੀ ਹੀ ਰਾਵਣ ਨੂੰ ਸਾੜਦੇ ਰਹਿੰਦੇ ਹਨ ਤਾਂ ਸਿੱਧ ਹੈ ਰਾਵਣ ਰਾਜ ਭਾਰਤ ਵਿਚ ਹੈ। ਰਾਮਰਾਜ ਵੀ ਭਾਰਤ ਵਿਚ ਹੈ। ਇਹ ਗੱਲਾਂ ਰਾਮਰਾਜ ਸਥਾਪਨ ਕਰਨ ਵਾਲਾ ਹੀ ਸਮਝਾਉਂਦੇ ਹਨ ਕਿ ਕਿਵੇਂ ਹੁਣ ਰਾਵਣ ਰਾਜ ਹੈ। ਇਹ ਕੌਣ ਸਮਝਾਉਂਦੇ ਹਨ? ਨਿਰਾਕਾਰ ਸ਼ਿਵ ਭਗਵਾਨੁਵਾਚ। ਆਤਮਾ ਨੂੰ ਸ਼ਿਵ ਨਹੀਂ ਕਹਾਂਗੇ। ਆਤਮਾਵਾਂ ਹਨ ਸਾਰੀਆਂ ਸਾਲੀਗ੍ਰਾਮ ਸ਼ਿਵ ਇਕ ਨੂੰ ਹੀ ਕਿਹਾ ਜਾਂਦਾ ਹੈ। ਸਾਲੀਗ੍ਰਾਮ ਤਾਂ ਕਈ ਹੁੰਦੇ ਹਨ। ਇਹ ਹੈ ਰੁਦ੍ਰ ਗਿਆਨ ਯਗ। ਉਹ ਬ੍ਰਾਹਮਣ ਲੋਕ ਜਿਹੜੇ ਯਗ ਰਚਦੇ ਹਨ, ਉਸ ਵਿਚ ਇਕ ਵੱਡਾ ਸ਼ਿਵਲਿੰਗ ਅਤੇ ਛੋਟੇ- ਛੋਟੇ ਸਾਲੀਗ੍ਰਾਮ ਬਣਾ ਕੇ ਪੂਜਾ ਕਰਦੇ ਹਨ। ਦੇਵੀਆਂ ਆਦਿ ਦੀ ਪੂਜਾ ਤਾਂ ਸਾਲ- ਸਾਲ ਹੁੰਦੀ ਹੈ। ਇਹ ਤਾਂ ਰੋਜ ਮਿਟੀ ਦੇ ਬਣਾਉਂਦੇ ਹਨ ਅਤੇ ਪੂਜਾ ਕਰਦੇ ਹਨ। ਰੁਦ੍ਰ ਦਾ ਬੜਾ ਮਾਨ ਹੈ। ਸਾਲੀਗ੍ਰਾਮ ਕੌਣ ਹੈ, ਇਹ ਤਾਂ ਜਾਣਦੇ ਨਹੀਂ ਹਨ। ਤੁਸੀਂ ਸ਼ਿਵਸ਼ਕਤੀ ਸੈਨਾ ਪਤਿਤਾਂ ਨੂੰ ਪਾਵਨ ਬਣਾਉਂਦੀਆਂ ਹੋ। ਸ਼ਿਵ ਦੀ ਪੂਜਾ ਤਾਂ ਹੁੰਦੀ ਹੈ। ਸਾਲੀਗ੍ਰਾਮ ਕਿਥੇ ਜਾਣ? ਤਾਂ ਬਹੁਤ ਮਨੁੱਖ ਰੁਦ੍ਰ ਯਗ ਰਚ ਸਾਲੀਗ੍ਰਾਮਾਂ ਦੀ ਪੂਜਾ ਕਰਦੇ ਹਨ। ਸ਼ਿਵਬਾਬਾ ਦੇ ਨਾਲ ਬੱਚਿਆਂ ਨੇ ਵੀ ਮੇਹਨਤ ਕੀਤੀ ਹੈ। ਸ਼ਿਵਬਾਬਾ ਦੇ ਮਦਦਗਾਰ ਹਨ। ਓਹਨਾ ਨੂੰ ਕਿਹਾ ਜਾਂਦਾ ਹੈ ਖੁਦਾਈ ਖ਼ਿਦਮਤਗਾਰ। ਖੁਦ ਨਿਰਾਕਾਰ ਵੀ ਜਰੂਰ ਕਿਸੇ ਸ਼ਰੀਰ ਵਿਚ ਆਉਣਗੇ। ਸਵਰਗ ਵਿਚ ਤਾਂ ਖਿਦਮਤ ਦੀ ਕੋਈ ਗੱਲ ਨਹੀਂ ਹੈ। ਸ਼ਿਵਬਾਬਾ ਕਹਿੰਦੇ ਹਨ ਦੇਖੋ ਇਹ ਮੇਰੇ ਖ਼ਿਦਮਤਗਾਰ ਬੱਚੇ ਹਨ। ਨੰਬਰਵਾਰ ਤਾਂ ਹੈ ਨਾ। ਸਭ ਦੀ ਪੂਜਾ ਤਾਂ ਕਰ ਨਹੀਂ ਸਕਦੇ। ਇਹ ਯਗ ਵੀ ਭਾਰਤ ਵਿਚ ਹੁੰਦੇ ਹਨ। ਇਹ ਰਾਜ਼ ਬਾਪ ਹੀ ਸਮਝਾਉਂਦੇ ਹਨ। ਉਹ ਬ੍ਰਾਹਮਣ ਲੋਕ ਜਾਂ ਸੇਠ ਲੋਕ ਥੋੜੀ ਜਾਣਦੇ ਹਨ। ਅਸਲ ਵਿਚ ਇਹ ਹੈ ਰੁਦ੍ਰ ਗਿਆਨ ਯਗ। ਬੱਚੇ ਪਵਿੱਤਰ ਬਣ ਭਾਰਤ ਨੂੰ ਸਵਰਗ ਬਣਾਉਂਦੇ ਹਨ। ਇਹ ਵੱਡਾ ਹਸਪਤਾਲ ਹੈ। ਜਿਥੇ ਯੋਗ ਦਵਾਰਾ ਅਸੀਂ ਏਵਰ ਹੈਲਦੀ ਬਣਦੇ ਹਾਂ। ਬਾਪ ਕਹਿੰਦੇ ਹਨ ਮੈਨੂੰ ਯਾਦ ਕਰੋ। ਦੇਹ - ਹੰਕਾਰ ਪਹਿਲਾ ਨੰਬਰ ਵਿਕਾਰ ਹੈ। ਜੋ ਯੋਗ ਤੋੜ

ਦਿੰਦਾ ਹੈ। ਬੋਡੀਕੋਨਸ਼ੇਅਸ(ਦੇਹ ਅਭਿਮਾਨੀ) ਹੁੰਦੇ ਹੋ। ਬਾਪ ਨੂੰ ਭੁੱਲ ਜਾਂਦੇ ਹੋ ਤਾਂ ਹੀ ਫਿਰ ਹੋਰ ਵੀ ਵਿਕਾਰ ਆ ਜਾਂਦੇ ਹਨ। ਇਹ ਯੋਗ ਨਿਰੰਤਰਨ ਲਗਾਉਣਾ ਬੜੀ ਮੇਹਨਤ ਹੈ। ਮਨੁੱਖ ਸ਼੍ਰੀਕ੍ਰਿਸ਼ਨ ਨੂੰ ਭਗਵਾਨ ਸਮਝ ਉਨ੍ਹਾਂ ਦੀ ਪੂਜਾ ਕਰਦੇ ਹਨ। ਪਰ ਉਹ ਪਤਿਤ - ਪਾਵਨ ਤਾਂ ਹੈ ਨਹੀਂ, ਜੋ ਉਨ੍ਹਾਂ ਦੇ ਪੈਰ ਪੂਜੇ ਜਾਣ। ਸ਼ਿਵ ਤਾਂ ਹੈ ਹੀ ਬਿਨਾ ਪੈਰ ਦੇ। ਉਹ ਤਾਂ ਆਕੇ ਮਾਤਾਵਾਂ ਦਾ ਸਰਵੈਂਟ ਬਣਦੇ ਹਨ। ਅਤੇ ਕਹਿੰਦੇ ਹਨ ਬਾਪ ਤੇ ਸਵਰਗ ਨੂੰ ਯਾਦ ਕਰੋ ਤਾਂ ਫਿਰ ਤੁਸੀਂ 21 ਜਨਮ ਰਾਜ ਪਾਓਗੇ। 21 ਪੀੜ੍ਹੀ ਗਾਈ ਹੋਈ ਹੈ। ਦੂਸਰੇ ਧਰਮਾਂ ਵਿਚ ਨਹੀਂ ਗਾਈ ਜਾਂਦੀ ਹੈ। ਕਿਸੇ ਵੀ ਧਰਮ ਵਾਲੇ ਨੂੰ 21 ਜਨਮ ਦੀ ਬਾਦਸ਼ਾਹੀ ਨਹੀਂ ਮਿਲਦੀ ਹੈ। ਇਹ ਵੀ ਡਰਾਮਾ ਬਣਿਆ ਹੋਇਆ ਹੈ। ਦੇਵਤਾ ਧਰਮ ਵਾਲੇ ਜੋ ਦੂਜੇ ਧਰਮਾਂ ਵਿਚ ਮਿਕਸ ਹੋ ਗਏ ਹਨ, ਉਹ ਫਿਰ ਨਿਕਲ ਆਉਣਗੇ। ਸਵਰਗ ਦੇ ਸੁਖ ਤਾਂ ਅਪਰਮਪਾਰ ਹਨ। ਨਵੀ ਦੁਨੀਆ ਵਿਚ ਨਵੇਂ ਮਕਾਨ ਵਿਚ ਚੰਗਾ ਸੁਖ ਹੁੰਦਾ ਹੈ। ਥੋੜ੍ਹਾ ਪੁਰਾਣਾ ਹੋਣ ਤੇ ਕੁਝ ਨਾ ਕੁਝ ਦਾਗ਼ ਹੋ ਜਾਂਦੇ ਹਨ ਫਿਰ ਰਿਪੇਅਰ ਕੀਤਾ ਜਾਂਦਾ ਹੈ। ਤਾਂ ਜਿਵੇ ਬਾਪ ਦੀ ਮਹਿਮਾ ਅਪਰਮਪਾਰ ਹੈ ਉਵੇਂ ਸਵਰਗ ਦੀ ਮਹਿਮਾ ਵੀ ਅਪ੍ਰਮਪਾਰ ਹੈ, ਜਿਸਦੇ ਤੁਸੀਂ ਮਾਲਿਕ ਬਣਨ ਦਾ ਪੁਰਸ਼ਾਰਥ ਕਰ ਰਹੇ ਹੋ। ਹੋਰ ਕੋਈ ਸਵਰਗ ਦਾ ਮਾਲਿਕ ਬਣਾ ਨਹੀਂ ਸਕਦਾ।

ਤੁਸੀਂ ਬੱਚੇ ਜਾਣਦੇ ਹੋ ਵਿਨਾਸ਼ ਦੇ ਸੀਨ ਬੜੇ ਦਰਦਨਾਕ ਹਨ। ਉਸ ਤੋਂ ਪਹਿਲੋਂ ਬਾਪ ਤੋਂ ਵਰਸਾ ਲੈਣਾ ਚਾਹੀਦਾ ਹੈ। ਬਾਪ ਕਹਿੰਦੇ ਹਨ ਹੁਣ ਮੇਰੇ ਬਣੋ ਮਤਲਬ ਈਸ਼ਵਰ ਦੀ ਗੋਦ ਲਵੋ। ਸ਼ਿਵਬਾਬਾ ਵੱਡਾ ਹੈ ਨਾ। ਤਾਂ ਤੁਹਾਨੂੰ ਪ੍ਰਾਪਤੀ ਬਹੁਤ ਹੈ। ਸਵਰਗ ਦੇ ਸੁਖ ਅਪਰਮਪਾਰ ਹਨ। ਨਾਮ ਸੁਣਦੇ ਹੀ ਮੁਖ ਵਿਚ ਪਾਣੀ ਆਉਂਦਾ ਹੈ। ਕਹਿੰਦੇ ਵੀ ਹਨ ਫਲਾਨਾ ਸਵਰਗ ਪਧਾਰਿਆ। ਸਵਰਗ ਪਿਆਰਾ ਲਗਦਾ ਹੈ ਨਾ। ਇਹ ਤਾਂ ਹੈ ਹੀ ਨਰਕ, ਜਦ ਤੱਕ ਸਤਿਯੁਗ ਨਾ ਹੋਵੇ ਉਦੋਂ ਤੱਕ ਸਵਰਗ ਵਿਚ ਕੋਈ ਜਾ ਨਹੀਂ ਸਕਦਾ। ਬਾਪ ਸਮਝਾਉਂਦੇ ਹਨ ਇਹ ਜਗਦੰਬਾ ਜਾ ਕੇ ਫਿਰ ਸਵਰਗ ਦੀ ਮਹਾਰਾਣੀ ਲਕਸ਼ਮੀ ਬਣਦੀ ਹੈ। ਫਿਰ ਬੱਚੇ ਵੀ ਨੰਬਰਵਾਰ ਬਣਦੇ ਹੋ। ਮੰਮਾ ਬਾਬਾ ਜ਼ਿਆਦਾ ਪੁਰਸ਼ਾਰਥ ਕਰਦੇ ਹਨ। ਰਾਜ ਤਾਂ ਓਥੇ ਬੱਚੇ ਵੀ ਕਰਨਗੇ ਨਾ। ਸਿਰਫ ਲਕਸ਼ਮੀ- ਨਰਾਇਣ , ਤਾਂ ਨਹੀਂ ਕਰਨਗੇ। ਤਾਂ ਬਾਪ ਆਕੇ ਮਨੁੱਖ ਤੋਂ ਦੇਵਤਾ ਬਣਾਉਂਦੇ ਹਨ, ਪੜ੍ਹਾਉਂਦੇ ਹਨ। ਜੇਕਰ ਕ੍ਰਿਸ਼ਨ ਬਣਾਉਂਦੇ ਤਾਂ ਕ੍ਰਿਸ਼ਨ ਨੂੰ ਤੇ ਦਵਾਪਰ ਵਿਚ ਲੈ ਗਏ ਹਨ। ਦਵਾਪਰ ਵਿਚ ਤਾਂ ਦੇਵਤਾ ਹੁੰਦੇ ਹੀ ਨਹੀਂ। ਸੰਨਿਆਸੀ ਕਹਿ ਨਹੀਂ ਸਕਦੇ ਕਿ ਅਸੀਂ ਸਵਰਗ ਵਿੱਚ ਜਾਣ ਲਈ ਰਸਤਾ ਦਸਦੇ ਹਾਂ। ਉਸਦੇ ਲਈ ਤਾਂ ਭਗਵਾਨ ਚਾਹੀਦਾ ਹੈ। ਕਹਿੰਦੇ ਹਨ ਮੁਕਤੀ ਅਤੇ ਜੀਵਨ ਮੁਕਤੀ ਦੇ ਦਰਵਾਜੇ ਕਲਯੁਗ ਦੇ ਅੰਤ ਵਿਚ ਖੁੱਲਣਗੇ। ਇਹ ਹੈ ਰੁਡਰ ਗਿਆਨ ਯਗ। ਮੈਂ ਹਾਂ ਸ਼ਿਵ ਰੁਦ੍ਰ ਅਤੇ ਇਹ ਹਨ ਸਾਲੀਗ੍ਰਾਮ। ਇਹ ਸਾਰੇ ਸ਼ਰੀਰਧਾਰੀ ਹਨ। ਮੈਂ ਤਾਂ ਸ਼ਰੀਰ ਦਾ ਲੋਨ ਲਿਤਾ ਹੈ। ਇਹ ਸਾਰੇ ਬ੍ਰਾਹਮਣ ਹਨ। ਬ੍ਰਾਹਮਣਾ ਬਿਗਰ ਇਹ ਗਿਆਨ ਕਿਸੇ ਵਿਚ ਹੁੰਦਾ ਨਹੀਂ ਹੈ। ਸ਼ੂਦਰਾਂ ਵਿਚ ਨਹੀਂ ਹੈ। ਸਤਿਯੁਗ ਵਿਚ ਦੇਵੀ- ਦੇਵਤਾ ਪਾਰਸ ਬੁੱਧੀ ਸਨ, ਜੋ ਬਾਪ ਹੁਣ ਬਣਾਉਂਦੇ ਹਨ। ਸੰਨਿਆਸੀ ਕਿਸੇ ਨੂੰ ਵੀ ਪਾਰਸ ਬੁੱਧੀ ਨਹੀਂ ਬਣਾ ਸਕਦੇ। ਚਾਹੇ ਖੁਦ ਪਵਿੱਤਰ ਹਨ, ਪਰ ਫਿਰ ਵੀ ਬਿਮਾਰ ਹੋ ਜਾਂਦੇ ਹਨ। ਸਵਰਗ ਵਿਚ ਕਦੇ ਬਿਮਾਰ ਨਹੀਂ ਹੋਵਾਂਗੇ। ਓਥੇ ਤਾਂ ਬਹੁਤ ਸੁਖ ਹਨ, ਇਸਲਈ ਬਾਪ ਕਹਿੰਦੇ ਹਨ ਪੂਰਾ ਪੁਰਸ਼ਾਰਥ ਕਰੋ। ਰੇਸ ਹੁੰਦੀ ਹੈ ਨਾ। ਇਹ ਹੈ ਰੁਦ੍ਰ ਮਾਲਾ ਵਿਚ ਪਿਰੋਣ ਦੀ ਰੇਸ। ਅਹਮ ਆਤਮਾ ਨੂੰ ਦੌੜ ਲਗਾਨੀ ਹੈ ਯੋਗ ਦੀ। ਜਿਨ੍ਹਾਂ ਦੌੜ ਲਗਾਵਾਂਗੇ ਤਾਂ ਸਮਝਾਂਗੇ ਕਿ ਇਹ ਤਿੱਖਾ ਦੌੜ ਰਿਹਾ ਹੈ। ਉਨ੍ਹਾਂ ਦੇ ਵਿਕਰਮ ਵਿਨਾਸ਼ ਹੁੰਦੇ ਜਾਣਗੇ। ਤੁਸੀਂ ਉਠਦੇ- ਬੈਠਦੇ, ਚਲਦੇ ਫਿਰਦੇ ਯਾਤਰਾ ਤੇ ਹੋ। ਬੁੱਧੀ ਯੋਗ ਦੀ ਇਹ ਬੜੀ ਚੰਗੀ ਯਾਤਰਾ ਹੈ। ਤੁਸੀਂ ਕਹਿੰਦੇ ਹੋ ਇਸ ਤਰ੍ਹਾਂ ਦੇ ਸਵਰਗ ਦੇ ਅਪਰਮਪਾਰ ਸੁਖ ਪਾਉਣ ਲਈ ਪਵਿੱਤਰ ਕਿਓਂ ਨਹੀਂ ਰਹਾਂਗੇ। ਸਾਨੂੰ ਮਾਇਆ ਹਿਲਾ ਨਹੀਂ ਸਕਦੀ। ਪ੍ਰਣ ਕਰਨਾ ਹੁੰਦਾ ਹੈ, ਅੰਤਿਮ ਜਨਮ ਹੈ। ਮਰਨਾ ਤਾਂ ਹੈ ਹੀ, ਫਿਰ ਕਿਓਂ ਨਾ ਬਾਪ ਤੋਂ ਵਰਸਾ ਲਈ ਲਈਏ। ਕਿੰਨੇ ਬਾਬਾ ਦੇ ਬੱਚੇ ਹਨ। ਪ੍ਰਜਾਪਿਤਾ ਹੈ ਤਾਂ ਜਰੂਰ ਨਵੀ ਰਚਨਾ ਰਚਦੇ ਹਨ। ਨਵੀ ਰਚਨਾ ਹੁੰਦੀ ਹੈ ਬ੍ਰਾਹਮਣਾ ਦੀ। ਬ੍ਰਾਹਮਣ ਹਨ ਰੂਹਾਨੀ ਸੋਸ਼ਲ ਵਰਕਰ। ਦੇਵਤਾ ਤਾਂ ਪ੍ਰਾਲਬੱਧ ਭੋਗਦੇ ਹਨ। ਤੁਸੀਂ ਭਾਰਤ ਦੀ ਸਰਵਿਸ ਕਰਦੇ ਹੋ। ਇਸਲਈ ਤੁਸੀਂ ਹੀ ਸਵਰਗ ਦੇ ਮਾਲਿਕ ਬਣਦੇ ਹੋ। ਭਾਰਤ ਦੀ ਸਰਵਿਸ ਕਰਨ ਵਿਚ, ਸਭ ਦੀ ਸਰਵਿਸ ਹੋ ਜਾਂਦੀ ਹੈ। ਤਾਂ ਇਹ ਹੈ ਰੁਦ੍ਰ ਗਿਆਨ ਯਗ। ਰੁਦ੍ਰ ਸ਼ਿਵ ਨੂੰ ਕਿਹਾ ਜਾਂਦਾ ਹੈ, ਨਾ ਕਿ ਸ਼੍ਰੀਕ੍ਰਿਸ਼ਨ ਨੂੰ। ਸ਼੍ਰੀਕ੍ਰਿਸ਼ਨ ਤਾਂ ਸਤਿਯੁਗ ਦਾ ਪ੍ਰਿੰਸ ਹੈ। ਓਥੇ ਇਹ ਯਗ ਆਦਿ ਨਹੀਂ ਹੋਣਗੇ। ਹਾਲੇ ਹੈ ਰਾਵਣ ਰਾਜ, ਇਹ ਖਲਾਸ ਹੋਣਾ ਹੈ। ਫਿਰ ਕਦੇ ਰਾਵਣ ਬਨਾਉਣ ਗੇ ਨਹੀਂ। ਬਾਪ ਹੀ ਆਕੇ ਇਨ੍ਹਾਂ ਜ਼ੰਜੀਰਾਂ ਤੋਂ ਛੁਡਾਉਂਦੇ ਹਨ। ਇਸ ਬ੍ਰਹਮਾ ਨੂੰ ਵੀ ਜ਼ੰਜੀਰਾਂ ਤੋਂ ਛੁਡਾਇਆ ਹੈ ਨਾ। ਸ਼ਾਸਤਰ ਪੜਦੇ - ਪੜਦੇ ਕੀ ਹਾਲਤ ਹੋਈ ਹੈ! ਤਾਂ ਬਾਪ ਕਹਿੰਦੇ ਹਨ ਹੁਣ ਮੈਨੂੰ ਯਾਦ ਕਰੋ। ਬਾਪ ਨੂੰ ਯਾਦ ਕਰਨ ਦੀ ਹਿੰਮਤ ਨਹੀਂ ਹੈ। ਪਵਿੱਤਰ ਰਹਿੰਦੇ ਨਹੀਂ, ਫਾਲਤੂ ਪ੍ਰਸ਼ਨ ਪੁੱਛਦੇ ਰਹਿੰਦੇ ਹਨ। ਤਾਂ ਬਾਪ ਕਹਿੰਦੇ ਹਨ ਮਨਮਨਾ ਭਵ। ਜੇਕਰ ਕਿਸੇ ਗੱਲ ਵਿੱਚ ਨੂੰ ਮੂੰਝਦੇ ਹੋ ਤਾਂ ਉਸਨੂੰ ਛੱਡ ਦਵੋ, ਮਨਮਨਾਭਵ। ਇਵੇਂ ਨਹੀਂ ਕਿ ਪ੍ਰਸ਼ਨ ਦਾ ਰਿਸਪੋਂਸ ਨਹੀਂ ਮਿਲਿਆ। ਤਾਂ ਪੜਨਾ ਹੀ ਛੱਡ ਦਿੱਤਾ। ਕਹਿੰਦੇ ਹਨ ਭਗਵਾਨ ਹੈ ਤਾਂ ਰਿਸਪੌਂਸ ਕਿਓਂ ਨਹੀਂ ਦਿੰਦੇ? ਬਾਪ ਕਹਿੰਦੇ ਹਨ ਤੁਹਾਡਾ ਕੰਮ ਹੈ ਬਾਪ ਅਤੇ ਵਰਸਾ ਨਾਲ। ਚੱਕਰ ਨੂੰ ਵੀ ਯਾਦ ਕਰਨਾ ਪਵੇਗਾ। ਉਹ ਵੀ ਤ੍ਰਿਮੂਰਤੀ ਅਤੇ ਚੱਕਰ ਵਿਖਾਉਂਦੇ ਹਨ। ਲਿਖਦੇ ਹਨ"ਸਤਮੇਵ ਜਯਤੇ" ਪਰੰਤੂ ਅਰਥ ਨਹੀਂ ਸਮਝਦੇ ਹਨ। ਤੁਸੀਂ ਸਮਝਾ ਸਕਦੇ ਹੋ। ਸ਼ਿਵਬਾਬਾ ਨੂੰ ਯਾਦ ਕਰੋਗੇ ਤਾਂ ਸੂਖਸ਼ਮ ਵਤਨ ਵਾਸੀ ਬ੍ਰਹਮਾ, ਵਿਸ਼ਨੂੰ, ਸ਼ੰਕਰ ਵੀ ਯਾਦ ਆਉਣਗੇ। ਅਤੇ ਸਵਦਰਸ਼ਨ ਚੱਕਰ ਨੂੰ ਯਾਦ ਕਰਨ ਨਾਲ ਜਿੱਤ ਪ੍ਰਾਪਤ ਕਰ ਲਵੋਗੇ। 'ਜਯਤੇ' ਦਾ ਮਤਲਬ ਹੀ ਹੈ ਮਾਇਆ ਤੇ ਜਿੱਤ ਪ੍ਰਾਪਤ ਕਰਨਾ। ਕਿੰਨੀਆਂ ਸਮਝ ਦੀਆ ਗੱਲਾਂ ਹਨ। ਇਥੇ ਕਾਇਦੇ ਹਨ- ਹੰਸਾ ਦੀ ਸਭਾ ਵਿਚ ਬਗੁਲੇ ਬੈਠ ਨਹੀਂ ਸਕਦੇ। ਬੀ. ਕੇ. ਜੋ ਸਵਰਗ ਦੀਆਂ ਪਰੀਆਂ ਬਣਾਉਂਦੇ ਹਨ ਉਨ੍ਹਾਂ ਤੇ ਬੜੀ ਜਿੰਮੇਵਾਰੀ ਹੈ। ਪਹਿਲਾ ਜਦੋ ਕੋਈ ਆਉਂਦੇ ਹਨ ਤਾਂ ਉਨ੍ਹਾਂ ਨੂੰ ਇਹ ਪੁੱਛੋ- ਆਤਮਾ ਦੇ ਬਾਪ ਨੂੰ ਜਾਣਦੇ ਹੋ? ਜੋ ਪ੍ਰਸ਼ਨ ਪੁੱਛਦੇ ਹੋ ਤਾਂ ਜਰੂਰ ਜਾਣਦੇ ਹੋਵੋਗੇ ਸੰਨਿਆਸੀ ਆਦਿ ਇਵੇਂ ਕਦੇ ਨਹੀਂ ਪੁੱਛਣਗੇ। ਉਹ ਤਾਂ ਜਾਣਦੇ ਹੀ ਨਹੀਂ। ਤੁਸੀਂ ਤਾਂ ਪ੍ਰਸ਼ਨ ਪੁੱਛੋਗੇ - ਬੇਹੱਦ ਦੇ ਬਾਪ ਨੂੰ ਜਾਣਦੇ ਹੋ? ਪਹਿਲਾ ਤਾਂ ਸਗਾਈ ਕਰੋ। ਬ੍ਰਾਹਮਣਾ ਦਾ ਧੰਧਾ ਹੀ ਇਹ ਹੈ। ਬਾਪ ਕਹਿੰਦੇ ਹਨ - ਹੇ ਆਤਮਾਵੋਂ ਮੇਰੇ ਨਾਲ ਯੋਗ ਲਗਾਓ ਕਿਉਂਕਿ ਮੇਰੇ ਕੋਲ ਆਉਣਾ ਹੈ। ਸਤਿਯੁਗ ਦੇ ਦੇਵੀ ਦੇਵਤਾ ਬਹੁਤ

ਕਾਲ ਤੋਂ ਅਲਗ ਰਹੇ ਹਨ ਤਾਂ ਪਹਿਲਾਂ - ਪਹਿਲਾਂ ਗਿਆਨ ਵੀ ਉਨ੍ਹਾਂ ਨੂੰ ਮਿਲੇਗਾ। ਲਕਸ਼ਮੀ- ਨਰਾਇਣ ਨੇ 84 ਜਨਮ ਪੂਰੇ ਕੀਤੇ ਹਨ, ਇਸਲਈ ਪਹਿਲੋਂ ਗਿਆਨ ਵੀ ਉਨ੍ਹਾਂ ਨੂੰ ਹੀ ਮਿਲਣਾ ਚਾਹੀਦਾ ਹੈ।

ਮਨੁੱਖ ਸ੍ਰਿਸ਼ਟੀ ਦਾ ਜੋ ਝਾੜ ਹੈ, ਉਸਦਾ ਪਿਤਾ ਹੈ ਬ੍ਰਹਮਾ ਅਤੇ ਆਤਮਾ ਦਾ ਪਿਤਾ ਹੈ ਸ਼ਿਵ। ਤਾਂ ਬਾਪ ਅਤੇ ਦਾਦਾ ਹੈ ਨਾ। ਤੁਸੀਂ ਹੋ ਉਨ੍ਹਾਂ ਦੇ ਪੋਤਰੇ। ਉਨ੍ਹਾਂ ਤੋਂ ਤੁਹਾਨੂੰ ਮਾਨ ਮਿਲਦਾ ਹੈ। ਬਾਪ ਕਹਿੰਦੇ ਜਦੋ ਮੈਂ ਨਰਕ ਵਿਚ ਆਵਾਂਗਾ ਤਾਂ ਹੀ ਵਰਸਾ ਰਚਾਂ। ਸ਼ਿਵਭਗਵਾਨੁਵਾਚ -ਲਕਸ਼ਮੀ - ਨਰਾਇਣ ਤ੍ਰਿਕਾਲਦਰਸ਼ੀ ਨਹੀਂ ਹਨ। ਉਨ੍ਹਾਂ ਨੂੰ ਇਸ ਰਚਤਾ ਅਤੇ ਰਚਨਾ ਦਾ ਗਿਆਨ ਨਹੀਂ ਹੈ, ਤਾਂ ਪਰਮਪਰਾ ਕਿਵੇਂ ਚੱਲੇ? ਕੋਈ ਸਮਝਦੇ ਕਿ ਇਹ ਸਿਰਫ ਕਹਿੰਦੇ ਰਹਿੰਦੇ ਹਨ ਕਿ ਮੌਤ ਆਇਆ ਕਿ ਆਇਆ। ਹੁੰਦਾ ਤਾਂ ਕੁਝ ਵੀ ਨਹੀਂ ਹੈ। ਇਸ ਤੇ ਇਕ ਮਿਸਾਲ ਵੀ ਹੈ। ਉਸਨੇ ਕਿਹਾ ਸ਼ੇਰ ਆਇਆ, ਢੇਰ ਆਇਆ, ਪਰ ਸ਼ੇਰ ਤੇ ਆਇਆ ਹੀ ਨਹੀਂ। ਅੰਤ ਵਿਚ ਇਕ ਦਿਨ ਸ਼ੇਰ ਆ ਗਿਆ, ਬੱਕਰੀਆਂ ਸਾਰੀਆਂ ਖਾ ਗਿਆ। ਇਹ ਗੱਲਾਂ ਸਾਰੀਆਂ ਇਥੋਂ ਦੀਆਂ ਹਨ। ਇੱਕ ਦਿਨ ਕਾਲ ਖਾ ਜਾਵੇਗਾ, ਫਿਰ ਕੀ ਕਰੋਗੇ? ਭਗਵਾਨ ਦਾ ਕਿੰਨਾ ਭਾਰੀ ਯਗ ਹੈ। ਪਰਮਾਤਮਾ ਤੋਂ ਸਿਵਾਏ ਤਾਂ ਕੋਈ ਇਨਾਂ ਵੱਡਾ ਯਗ ਰਚ ਨਾ ਸਕੇ। ਬ੍ਰਹਮਾ ਵੰਸ਼ੀ ਬ੍ਰਾਹਮਣ ਕਹਿਲਾ ਕੇ ਪਵਿੱਤਰ ਨਹੀਂ ਬਣਿਆ ਤਾਂ ਇਹ ਮਰਿਆ। ਸ਼ਿਵਬਾਬਾ ਨਾਲ ਪ੍ਰਣ ਕਰਨਾ ਹੁੰਦਾ ਹੈ। ਮਿੱਠਾ ਬਾਬਾ ਸਵਰਗ ਦਾ ਮਾਲਿਕ ਬਣਾਉਣ ਵਾਲਾ ਬਾਬਾ ਮੈਂ ਤਾਂ ਤੁਹਾਡਾ ਹਾਂ। ਅੰਤ ਤੱਕ ਤੁਹਾਡਾ ਹੋ ਕੇ ਰਹਾਂਗੇ। ਅਜਿਹੇ ਬੱਚੇ ਨੂੰ ਅਤੇ ਸਾਜਨ ਨੂੰ ਫਾਰਕਤੀ ਦਿੱਤੀ ਤਾਂ ਮਹਾਰਾਜਾ ਮਹਾਰਾਣੀ ਬਣ ਨਹੀਂ ਸਕਦੇ। ਅੱਛਾ।

ਮਿੱਠੇ ਸਿਕੀਲਧੇ ਬੱਚਿਆਂ ਪ੍ਰਤੀ ਮਾਤ-ਪਿਤਾ ਬਾਪਦਾਦਾ ਦਾ ਯਾਦ-ਪਿਆਰ ਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁਖ ਸਾਰ:-

1 ਸੱਚਾ ਖੁਦਾਈ ਖ਼ਿਦਮਤਗਾਰ ਬਣ ਭਾਰਤ ਨੂੰ ਸਵਰਗ ਬਣਾਉਨ ਦੀ ਸੇਵਾ ਕਰਨੀ ਹੈ। ਬਾਪ ਨੂੰ ਪਵਿੱਤਰਤਾ ਦੀ ਮਦਦ ਕਰਨੀ ਹੈ, ਰੂਹਾਨੀ ਸੋਸ਼ਲ ਵਰਕਰ ਬਣਨਾ ਹੈ।

2 ਕਿਸੇ ਵੀ ਤਰ੍ਹਾਂ ਦੇ ਪ੍ਰਸ਼ਨਾ ਵਿਚ ਉਲਝ ਕੇ ਪੜਾਈ ਨਹੀਂ ਛੱਡਣੀ ਹੈ। ਪ੍ਰਸ਼ਨਾ ਨੂੰ ਛੱਡ ਕੇ ਬਾਪ ਤੇ ਵਰਸੇ ਨੂੰ ਯਾਦ ਕਰਨਾ ਹੈ।

ਵਰਦਾਨ:- ਹੱਦਾਂ ਤੋਂ ਪਾਰ ਰਹਿ ਸਭ ਨੂੰ ਆਪਣੇਪਨ ਦੀ ਮਹਿਸੂਸਤਾ ਕਰਾਉਣ ਵਾਲੇ ਅਨੁਭਵੀ ਮੂਰਤ ਭਵ।

ਜਿਵੇਂ ਹਰ ਇੱਕ ਦੇ ਮਨ ਤੋਂ ਨਿਕਲਦਾ ਹੈ ਮੇਰਾ ਬਾਬਾ, ਇਵੇਂ ਸਭ ਦੇ ਮਨ ਤੋਂ ਨਿਕਲੇ ਕੀ ਇਹ ਮੇਰਾ ਹੈ, ਬੇਹੱਦ ਦਾ ਭਾਈ ਹੈ ਜਾਂ ਭੈਣ ਹੈ, ਦੀਦੀ ਹੈ, ਦਾਦੀ ਹੈ। ਕਿੱਥੇ ਵੀ ਰਹਿੰਦੇ ਹੋ ਲੇਕਿਨ ਬੇਹੱਦ ਸੇਵਾ ਦੇ ਨਿਮਿਤ ਹੋ। ਹੱਦਾਂ ਤੋਂ ਪਾਰ ਰਹਿ ਕੇ, ਬੇਹੱਦ ਦੀ ਭਾਵਨਾ, ਬੇਹੱਦ ਦੀ ਸ੍ਰੇਸ਼ਠ ਕਾਮਨਾ ਰੱਖਣਾ -2 ਇਹ ਹੀ ਹੈ ਫਾਲੋ ਫਾਦਰ ਕਰਨਾ। ਹੁਣ ਇਸ ਦਾ ਪ੍ਰੈਕਟਿਕਲ ਅਨੁਭਵ ਕਰੋ ਅਤੇ ਕਰਵਾਓ। ਉਵੇਂ ਵੀ ਅਨੁਭਵੀ ਬਜੁਰਗ ਨੂੰ ਪਿਤਾ ਜੀ, ਕਾਕਾ ਜੀ ਕਹਿੰਦੇ ਹਨ, ਅਜਿਹੇ ਬੇਹੱਦ ਦੇ ਅਨੁਭਵੀ ਮਤਲਬ ਸਭ ਨੂੰ ਆਪਣਾਪਨ ਮਹਿਸੂਸ ਹੋਵੇ।

ਸਲੋਗਨ:- ਉਪਰਾਮ ਸਥਿਤੀ ਦਵਾਰਾ ਉੱਡਦੀ ਕਲਾ ਵਿਚ ਉੱਡਦੇ ਰਹੋ ਤਾਂ ਕਰਨ ਰੂਪੀ ਡਾਲੀ ਦੇ ਬੰਧਨ ਵਿੱਚ ਫਸੋਗੇ ਨਹੀਂ।

******